KHALSA CREDIT UNION
ਖਾਲਸਾ ਕਰੈਡਿਟ ਯੂਨੀਅਨ

# ਖਾਲਸਾ ਕਰੈਡਿਟ ਯੂਨੀਅਨ (KCU)
# ਸਟੈਂਡਿੰਗ ਰੂਲਜ਼ ਆਫ ਆਰਡਰ

1 ਸਾਲਾਨਾਂ ਆਮ ਇਜਲਾਸ (AGM) ਦੀ ਕਾਰਵਾਈ ਕਰੈਡਿਟ ਯੂਨੀਅਨ ਇੰਕਾਪੋਰੇਸ਼ਨ ਐਕਟ, ਫਾਇਨੈਂਸ਼ੀਅਲ ਇੰਸਟੀਚਿਊਸ਼ਨਜ਼ ਐਕਟ, ਕੰਪਨੀਜ਼ ਐਕਟ ਅਤੇ ਖਾਲਸਾ ਕਰੈਡਿਟ ਯੂਨੀਅਨ ਦੇ ਨਿਯਮਾਂ ਦੇ ਅਨੁਸਾਰ ਚਲਾਈ ਜਾਵੇਗੀ।

2 ਮੈਂਬਰਾਂ ਲਈ ਜ਼ਰੂਰਤ ਹੈ ਕਿ ਉਹ ਪੂਰੀ ਮੀਟਿੰਗ ਦੌਰਾਨ ਆਪਣੇ ਆਪ ਨੂੰ ਖਾਲਸਾਈ ਭਾਵਨਾਂ ਦੇ ਅਨੁਸਾਰੀ ਬਣਾਈ ਰੱਖਣ।।

3 ਮੈਂਬਰ ਆਪਣਾ ਸਵਾਲ ਮੀਟਿੰਗ ਤੋਂ ਪਹਿਲਾਂ ਜਾਂ ਮੀਟਿੰਗ ਦੇ ਦੌਰਾਨ ਜਮ੍ਹਾਂ ਕਰਾਉਣ ਲਈ ਬੋਰਡ ਚੇਅਰ ਜਾਂ ਡੈਲੀਗੇਟ ਦੇ ਵਿਚਾਰ ਵਿੱਚ ਲਿਆ ਸਕਦੇ ਹਨ।

4 ਕੇਵਲ ਖਾਲਸਾ ਕਰੈਡਿਟ ਯੂਨੀਅਨ ਦੇ ਵੋਟ ਪਾ ਸਕਣ ਯੋਗ ਮੈਂਬਰ ਹੀ ਸਵਾਲ ਪੁੱਛ ਸਕਦੇ ਹਨ ਅਤੇ ਵੋਟ ਪਾਉਣ ਦੇ ਅਧਿਕਾਰੀ ਹਨ।

5 ਹਰੇਕ ਗਤੀ ਜਾਂ ਰਿਪੋਰਟ ਬਾਰੇ ਮੈਂਬਰ ਆਪਣਾ ਸਵਾਲ ਕੇਵਲ ਅਲਾਟ ਕੀਤੇ ਗਏ ਸਮੇਂ ਦੌਰਾਨ ਹੀ ਰੱਖ ਸਕਦੇ ਹਨ ਪਰ ਸਵਾਲ ਸੀਮਤ ਅਤੇ ਵਿਸ਼ੇ ਨਾਲ ਸੰਬੰਧਿਤ ਹੋਵੇ।

6 ਇਕ ਹੀ ਗਤੀ ਜਾਂ ਰਿਪੋਰਟ ਬਾਰੇ ਦੂਸਰੇ ਸਵਾਲ ਲਈ ਮੈਂਬਰ ਦੇ ਵਿਚਾਰ ਨੂੰ ਉਦੋਂ ਤੱਕ ਨਹੀ ਵਿਚਾਰਿਆ ਜਾਵੇਗਾ ਜਦੋਂ ਤੱਕ ਪਹਿਲਾਂ ਪੁੱਛੇ ਸਵਾਲਾਂ ਦੇ ਜਵਾਬ ਦੀ ਵਿਚਾਰ ਸਮਾਪਤ ਨਹੀਂ ਹੁੰਦੀ।

7 ਟਿੱਪਣੀਆਂ ਜਾਂ ਸਵਾਲ ਜ਼ਰੂਰ ਕਿਸੇ ਵਿਚਾਰ ਅਧੀਨ ਮਤੇ ਜਾਂ ਰਿਪੋਰਟ ਨਾਲ ਸਬੰਧਤ ਹੋਣ, ਜਿਹੜਾ ਆਫੀਸ਼ੀਅਲ ਏਜੰਡੇ 'ਚ ਲਿਖਿਆ ਗਿਆ ਹੋਵੇ।

8 ਜੇਕਰ ਚੇਅਰਪਰਸਨ ਕਿਸੇ ਵੀ ਸਵਾਲ ਨੂੰ ਏ ਜੀ ਐਮ ਦੌਰਾਨ ਵਿਚਾਰ ਵਟਾਂਦਰੇ ਲਈ ਉਚਿਤ ਨਹੀਂ ਸਮਝਦਾ ਉਸ ਵਾਸਤੇ ਹੋਰ ਚੈਨਲ ਦੀ ਪੜਤੋਲ ਕੀਤੀ ਜਾਵੇਗੀ।

9 ਸਲਾਨਾਂ ਆਮ ਇਜਲਾਸ ਖਾਲਸਾ ਕਰੈਡਿਟ ਯੂਨੀਅਨ ਦੀ ਮੈਂਬਰਸ਼ਿੱਪ ਦੇ ਬਿਜ਼ਨਸ ਨੂੰ ਦਰਸਾਉਣ ਦੇ ਮਕਸਦ ਲਈ ਹੁੰਦਾ ਹੈ। ਵਿਅਕਤੀਗਤ ਪ੍ਰਕਾਰ ਦੇ ਮੁੱਦੇ ਵਿਚਾਰੇ ਜਾਂ ਬਹਿਸ ਅਧੀਨ ਨਹੀਂ ਲਿਆਂਦੇ ਜਾਣਗੇ ਪਰੰਤੂ ਉਹ ਵਿਚਾਰਨ ਅਤੇ/ਜਾਂ ਹੱਲ ਕੀਤੇ ਜਾਣ ਲਈ ਮੈਨੇਜਮੈਂਟ ਦੇ ਕਿਸੇ ਹਾਜ਼ਰ ਵਿਅਕਤੀ ਤੱਕ ਪਹੁੰਚਾਏ ਜਾ ਸਕਦੇ ਹਨ।

10 ਆਪਣੇ ਖੁਦ ਦੇ ਨਿਯਮਾਂ ਅਤੇ ਮੁਲਕ ਦੇ ਲਾਗੂ ਕਾਨੂੰਨਾਂ ਤਹਿਤ ਆਮ ਇਜਲਾਸ ਆਪਣੀ ਕਾਰਵਾਈ ਚਲਾਉਣ ਲਈ ਵਧੀਕ ਰੂਲਜ਼ ਆਫ ਆਰਡਰ ਅਪਣਾਅ ਸਕਦਾ ਹੈ, ਪਰ ਜੇਕਰ ਕੋਈ ਵਧੀਕ ਨਿਯਮ ਅਪਣਾਏ ਨਹੀਂ ਜਾਂਦੇ ਤਾਂ ਰੌਬਟਰ'ਜ਼ ਰੂਲਜ਼ ਆਫ ਆਰਡਰ (ਸੋਧੇ ਹੋਏ) ਵਰਤੋਂ 'ਚ ਲਿਆਂਦੇ ਜਾਣਗੇ।